# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 10 ਸਾਲ ਛੇਵਾਂ ਅਕਤੂਬਰ, 1994



# ਅੰਮ੍ਰਿਤ ਕੀਰਤਨ

ਅੰਕ 10 ਸਾਲ ਛੇਵਾਂ ਅਕਤੂਬਰ, 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ੲ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ

1] ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੰਗੀਤ ਦਾ ਸਲੇਬਸ 1

2] ਸਿੱਖ ਮਿਸਨਰੀ ਦਾ ਦਰਦਨਾਕ ਅੰਤ 7
—ਪਿਆਰਾ ਸਿੰਘ ਦਾਤਾ

3] ਪ੍ਰਿੰਸੀਪਲ ਚੰਨਣ ਸਿੰਘ 'ਮਜਬੂਰ' 12

4] ਪੰਥ ਰਤਨ ਪ੍ਰਿੰਸੀਪਲ ਸਤਿਬੀਰ ਸਿੰਘ ਇਕ ਯਾਦ—ਇਕ ਸਰਧਾਂਜਲੀ 17

5] ਰਾਗ ਵਡਸਰ 19

6] ਗਾਣਨ ਤੁਧਨੇ 24
—ਡਾ. ਜਸਵੰਤ ਸਿੰਘ ਨੇਕੀ

**ਬੇਨਤੀ**

ਅਤਿ ਦੀ ਮਹਿੰਗਾਈ ਕਾਰਨ ਚੰਦਿਆਂ ਵਿਚ ਵਾਧਾ ਕਰਨਾ ਪਿਆ ਹੈ। ਹੁਣ ਨਵੇਂ ਰੇਟਾਂ ਅਨੁਸਾਰ ਚੰਦੇ ਭੇਜਣ ਦੀ ਕਿਰਪਾ ਕਰਨੀ।

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੰਗੀਤ ਦਾ ਸਲੇਬਸ

## M.A. Part—I&II
## Music Vocal Examination—1994

### Paper-I (Written)

Therical Survey and Asthetic of Indian music.

### Unit-II Gurmat Sangeet :

I. Critical study and significance of different musical terms in Sri Guru Granth Sahib's Sangeet Prabandh :
Rag, Rahou, Mahalla, Ank, Ghar, Jatti.

II. Study of prabandh, Dhrupad, Khyal, Parhtal and folk singing styles in context with Gurmat Sangeet.

### Paper-II (Written) : History of Indian Music :

Unit-II (a) Contribution of Sikh Gurus and Bhaktas and place of Sri Guru Granth Sahib in Indian Music.

(b) The development of Gurmat Sangeet in the context of Indian music. A comparative study.

### Practical

Part (a) : Stage performance :

(b) Shabad Gavaki

from Bani of Sikh Garus

(i) Bandna in Vilambit.

(ii) Shabad in Madhy Laya with Bol Alap and Bol Taan

(c) Shabab from Bani of Bhaktas : Kabir, Namdev, Ravi Dass, Tirlochan, Sheiko Farid, Beni, Dhanna, Jaideva, Bhikhan, Surdas, Parmanand, Sain, Peepaa, Ramanand, Sadhna, from Guru Granth Sahib. Bhajan, Geet, Ghazal on Harmonium.

Paper-II (Theory) : (M. A II)

## Scientific study of Gurmat Sangeet :

Unit-I : (i) A Discreptive study of Gurmat Sangeet Parbandh with special referenoe to Sri Guru Granth Sahib.

(ii) Comparative Study of Gurmat Sangeet in the context of Indian music.

(iii) Main charactersuics & sailient features of Gurmat Sangeet.

(iv) Elements and Gayan Shailies of Folk music and classical music in Gurmat Sangeet.

Unit-II (i) Traditional and historical development Keertan Chowki in the context of various Shabad singing style joned mentioned in Sri Guru Granth Sahib.

(ii) Keertan Taksal Gharanas of Gurmat Sangeet. Taran-Tarn Taksal, Daudher Taksal, hargana, Taksal etc.

(iii) Contribution of Rababis Sikh Kirtankars (Regi's) of Gurmat Sangeet and Gurmat Sangeet acharyes. (From Bai Mardana to Prof. Tara Singh).

Unit-III : (i) Analvtical study of Gurmat Sangeet in Raga, Rag-Parkash & total Rag-Parbandh in the context of Sri Guru Granth Sahib.

(ii) Critical and descriptive study of Parkaras of Gauri mentioned in Sri Guru Granth Sahib. (Gauri, Gauri Guareri, Gauri Poorbi, Gauri Deepki, Guri Poorbi Deepki, Gauri chetti, Gauri Malwa, Gaurimagh, Gauri Dakhni, Guri Mala, Gauri Bairagan, Gaurt Sorath).

Paper-III : Practical :

### (c) Partal Gayaki

(A partal from Shri Guru Granth Sahib)

**(d) Shabad with proper Gayaki......**

Shabad of Sikh Gurus or Bhaktas mainly Bhakat Kabir, Ravidass, Jaidev, Sheikh Farid and Namdev from Sri Guru Granth Sahib.

## List of Rages From Sri Ouru Granth Sahib

### M.A. Part-I Music Vocal :

(1) Gujri
(2) Kedar
(3) Bihagrha
(4) Kanhrha (Darbari)
(5) Dhanasri

### M.A. Part-II Music Vocal :

(1) Shri
(2) Sorath
(3) Basant
(4) Kalyan
(5) Komal Rishab Asawari
(6) Gauri (Bharav Angs)
(7) Gauri Poorbi
(8) Parbhati
(9) Tukhari
(10) Chetti Gauri

### Books Recommended in M.A. Part-II Muisc Vocal :

| | | |
|---|---|---|
| 1. Gurmat Sangeet Par Hun Tak Mili Khoj | : | Bhai Vir Singh Published by Chief Khalsa Deewan, Amritsar. |
| 2. Sri Guru Granth Ratnawali | : | Prot. Tara Singh Published by Panjabi Uni. Patiala. |
| 3. Simarti Granth | : | Adutti Gurmat Sangeet Samelon 1992. G. G. N. Parkash Jayaddi Kalan, Ludhiana. |
| 4. Gurmat Sangeet (Vishesh Ank) | : | -do- |
| 5. Bharti Sangeet Da Ithas | : | Sh. Yogender Sharma, Published by Punjabi Uni. Patiala. |

**6, Amrit Kirtan**
**(Gurmat Sangeet Vishesh Ank)**
**422, Sector 15-A, CHANDIGARH.**

## B.A. Part-I (12+3 System of Education)
## Music (Instrumental)

### Paper 'A' Theory

### Part–III

8. Detailed introducation and sailient features of Gurmat Sangeet.
9. Importance of Sri Guru Grrnth Sahib in Music.
10. Importance & classification of Tanti Saz (wire instruments) in Gurmat Sangeet.
11. Definition & explanation of following terms in the context of Gurmat Sangeet, Mahala, Rag, Rahao, Ank, Rababi, Ashtapid,

## MUSIC (VOCAL)

### Paper 'A' Theory

### Part–III

8. Introduction and sailient features of Gurmat Sangeet.
9. Importance of Sri Guru Granth Sahib in Music.
10. Importance & classification of Tanti saaz wire instrument] in Gurmat Sangeet.
11. Definitions & explanation of following terms in the context of Gurmat Sangeet : Mahala, Rag, Rahao, Ank, Rababi, Astpadi, Pade.

### Paper 'B' Practical

3. One Shabad in Nirdharit Raga in Dhrupad Ang with Ekgun, Dugan, Layakaris.
4. One Shabad from in any of the following Raga Bilawal, Asa, Tilang, Asawari, Dhanasri.

## B.A. Part-II (12+3 System of Edudation)
## Music (Instrumental)
## Paper-A (Theory)

3. (vi) **Mahant Gajja Singh**

### Part-III

1. Important of instrumental music in Gurmat Sangeet.
2. Contribution of Bhai Mardana towards Gurmat Sangeet.

3. Sailient features of Keertan Chowki.
4. Detailed knowledge of following instruments (Tanti Saz) : Rabab, Saranda, Taus, Dilruba.

## Music (Vocal)
## Paper-A (Theory)
### Part-III

1. Importance of the instumental Music in Gurmat Sangeet.
2. Contribution of Bhai Mardana towards Gurmat Sangeet.
3. Sailiment features of Keertan Chauki.
4. Detailed knowleged of the following instruments : Rubab, Saranda, Taus, Dilruba.

## Paper-B (Practical)

(d) One Shabad in Nirdharat Raga with proper Gurmat Gayaki.

## Tabla

**Paper 'A' Theory**

### Part-II

(e) Life sketches of Shri Ustad Bahadur Singh etc.

(f) Define the following terms in context of Gurmat Sangeet : Bhandna, Pauri, Sath.

## B.A.-III (12+3 System of Educ.)
## Music (Instrumental)
### Part-III

1. Importance and different kinds of Kirtan Chowki.
2. Importance and classification of instruments in Gurmat Sangeei.
3. Contribution of Robabi Musicians in Gurmat Sangeet.
4. Define the following terms : (In contant Gusmat Sangeet) Parhtal, Jatti, Ank, Rahao, Kirtaniye.

## Music (Vocal)
### Path-III

1. Importance and different Kinds of Keartan chowki.
2. Introduction of different singing styles of Gurmat Sangeet.

3. Contribution of Rababi musicians in Gurmat Sangeet.

4. Define the following musical terms (In context of Gurmat Sangeet) Parhtal, Jatti, Rahao, Kirtaniya.

## Tabla

### Paper 'A' Theory :

(g) Introduction of Parhtal and importance of Tabla in Parhtal.

ਨੋਟ :—1. ਸਿਲੇਬਸਾਂ ਦੀ ਪੂਰੀ ਜਾਣਕਾਰੀ ਯੂਨੀਵਰਸਿਟ ਵਲੋਂ ਛਪੇ ਸਿਲੇਬਸਾਂ ਤੋਂ ਪ੍ਰਾਪਤ ਕੀਤੀ ਜਾਵੇ ।

2. ਅੰਮ੍ਰਿਤ ਕੀਰਤਨ ਮੈਗਜ਼ੀਨ ਵਿਚ ਹਰ ਮਹੀਨੇ ਗੁਰਮਤ ਸੰਗੀਤ ਨਾਲ ਸੰਬੰਧਤ ਸਮੱਗਰੀ ਛਾਪੀ ਜਾਂਦੀ ਜਾਂਦੀ ਹੈ। ਜੇ ਤੁਸੀਂ ਕੋਈ ਵਿਸ਼ੇਸ਼ ਸਮੱਗਰੀ ਚਾਹੁੰਦੇ ਹੋ ਤਾਂ ਸੰਪਾਦਕ—ਅੰਮ੍ਰਿਤ ਕੀਰਤਨ ਨੂੰ ਲਿਖੋ ।

# ਸਿੱਖ ਮਿਸ਼ਨਰੀ ਦਾ ਦਰਦਨਾਕ ਅੰਤ

—ਪਿਆਰਾ ਸਿੰਘ ਦਾਤਾ

ਦੇਸ਼ ਵੰਡ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਧਰਮ ਪ੍ਰਚਾਰ ਤੇ ਪਰਸਾਰ ਲਈ ਨਵੇਂ ਸਿਰਿਓਂ ਕੋਸ਼ਿਸ਼ਾਂ ਆਰੰਭ ਦਿੱਤੀਆਂ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਧਰਮ ਪ੍ਰਚਾਰ ਲਈ ਪੰਜਾਬ ਤੋਂ ਬਾਹਰ ਬਹੁਤ ਸਾਰੀਆਂ ਥਾਵਾਂ ਤੇ ਸਿੱਖ ਮਿਸ਼ਨਰੀ ਭੇਜੇ ਗਏ, ਜਿਨ੍ਹਾਂ ਵਿੱਚੋਂ ਹਾਪੜ (ਯੂ. ਪੀ.) ਸਿੱਖ ਧਰਮ ਦੇ ਪ੍ਰਚਾਰ ਦਾ ਬੜਾ ਵੱਡਾ ਗੜ੍ਹ ਸੀ। ਸਿੱਖ ਮਿਸ਼ਨਰੀ ਅੰਮ੍ਰਿਤਸਰ ਤੋਂ ਵੀ ਬਹੁਤ ਸਾਰੇ ਪ੍ਰਚਾਰਕ ਸਿੱਖ ਧਰਮ ਦੇ ਪ੍ਰਚਾਰ ਲਈ ਬਾਹਰਲੇ ਸੂਬਿਆਂ ਵਿਚ ਭੇਜੇ ਜਾਂਦੇ ਸਨ, ਉਹਨਾਂ ਵਿਚੋਂ ਇਕ ਮਿਸ਼ਨਰੀ ਗਿਆਨੀ ਬਾਦਲ ਸਿੰਘ ਹਾਪੜ ਸਨ। ਗਿਆਨੀ ਬਾਦਲ ਸਿੰਘ ਮਾਸਟਰ ਤਾਰਾ ਸਿੰਘ ਦੇ ਬਹੁਤ ਨਜ਼ਦੀਕੀ ਸ਼ਰਧਾਲੂਆਂ ਵਿਚੋਂ ਸਨ। ਉਨ੍ਹਾਂ ਨੇ ਆਪਣੇ ਅਸਰ ਰਸੂਖ ਨਾਲ ਯੂ. ਪੀ. ਅਤੇ ਹੋਰ ਸੂਬਿਆਂ ਵਿਚ ਪ੍ਰਚਾਰ ਕਰ ਕੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸਜਾਏ। ਸੰਗਤਾਂ ਤੋਂ ਲੱਖਾਂ ਰੁਪਏ ਇਕੱਤਰ ਕਰ ਕੇ ਹਾਪੜ ਵਿੱਚ ਬੜਾ ਵੱਡਾ ਗੁਰਦੁਆਰਾ ਬਣਾਇਆ, ਕਾਲਜ ਦੀ ਬਿਲਡਿੰਗ ਬਣਾਈ। ਯਾਤਰੀਆਂ ਦੇ ਰਹਿਣ ਲਈ ਬਹੁਤ ਸਾਰੇ ਕਮਰੇ ਬਣਾਏ ਗਏ। ਬਹੁਤ ਸਾਰੀ ਜ਼ਮੀਨ ਖਰੀਦ ਕੇ ਗੁਰਦੁਆਰੇ ਦੇ ਨਾਂ ਲਗਾਈ। ਇਸ ਤਰ੍ਹਾਂ ਬੜੀ ਕਰੜੀ ਮਿਹਨਤ ਨਾਲ ਇਹ ਅਸਥਾਨ ਮੁਕੰਮਲ ਹੋਏ। ਉਹਨੀਂ ਦਿਨੀ ਗਿਆਨੀ ਬਾਦਲ ਸਿੰਘ ਜਦੋਂ ਦਿੱਲੀ ਆਉਂਦੇ ਤਾਂ ਗੁਰਦੁਆਰਾ ਸੀਸ ਗੰਜ ਦੇ ਮੈਨੇਜਰ ਸ੍ਰ. ਗੁਰਦਿਆਲ ਸਿੰਘ ਤੇ ਇਹਨਾਂ ਸਤਰਾਂ ਦੇ ਲਿਖਾਰੀ ਨੂੰ ਜ਼ਰੂਰ ਮਿਲ ਕੇ ਜਾਂਦੇ। ਜਦੋਂ ਮੈਂ ਲਾਹੌਰ ਤੋਂ ਉਜੜ ਕੇ ਪ੍ਰੀਤ ਨਗਰ ਆਇਆ ਤਾਂ ਆਪਣੇ ਮਾਤਾ-ਪਿਤਾ ਤੇ ਭੈਣ ਦੇ ਬੱਚਿਆਂ ਨਾਲ ਭਗਤਾਂ ਵਾਲੇ ਇਕ ਮਕਾਨ ਵਿਚ ਰਿਹਾਇਸ਼ ਰੱਖੀ। ਉਹਨੀਂ ਦਿਨ੍ਹੀਂ ਮੇਰਾ ਮਿੱਤਰ ਤਖਤ ਸਿੰਘ ਗੁਰੂ ਰਾਮ ਦਾਸ ਹਸਪਤਾਲ ਵਿਚ ਕੰਮ ਕਰਦਾ ਸੀ। ਤਖਤ ਸਿੰਘ ਤੇ ਗੁਰਦਿਆਲ ਸਿੰਘ ਆਪਸ ਵਿਚ ਦੋਸਤ ਸਨ। ਸ੍ਰ. ਗੁਰਦਿਆਲ ਸਿੰਘ ਉਦੋਂ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਕਲਰਕ ਸਨ। ਜਦੋਂ ਜਥੇਦਾਰ ਊਧਮ ਸਿੰਘ ਤੇ ਸ੍ਰ. ਈਸ਼ਰ ਸਿੰਘ ਮਝੈਲ ਦਾ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਹੋਇਆ ਤਾਂ ਇਹਨਾਂ ਸ. ਗੁਰਦਿਆਲ ਸਿੰਘ ਨੂੰ ਗੁਰਦੁਆਰਾ ਸੀਸ ਗੰਜ ਦਾ ਮੈਨੇਜਰ ਬਣਾ ਕੇ ਦਿੱਲੀ ਭੇਜ ਦਿੱਤਾ। ਮੈਂ ਅੰਮ੍ਰਿਤਸਰ ਤੋਂ ਹੀ ਸ੍ਰ. ਗੁਰਦਿਆਲ ਸਿੰਘ ਦਾ ਜਾਣੂ ਸੀ। ਉਦੋਂ ਜਥੇਦਾਰ ਈਸ਼ਰ ਸਿੰਘ ਮਝੈਲ, ਜੋ ਮਗਰੋਂ ਪੰਜਾਬ ਦੇ ਮੰਤਰੀ ਬਣੇ ਪੰਜਾਬੀ ਅਖਬਾਰ 'ਵਰਤਮਾਨ' ਦੇ ਸੰਪਾਦਕ ਸਨ।

ਗਿਆਨੀ ਬਾਦਲ ਸਿੰਘ ਬੜੇ ਵਿਦਵਾਨ ਤੇ ਸਿੱਖ ਹਿਤੈਸ਼ੀ ਮਨੁੱਖ ਸਨ। ਉਹ ਅਕਾਲੀ ਲੀਡਰਾਂ ਅਤੇ ਵਰਕਰਾਂ ਬਾਰੇ ਬਹੁਤ ਕੁਝ ਜਾਣਦੇ ਸਨ। ਉਹਨਾਂ ਦੀਆਂ ਕਮ-ਜ਼ੋਰੀਆਂ ਤੇ ਉਹਨਾਂ ਦੇ ਨਿਜੀ ਕਿਰਦਾਰ ਬਾਰੇ ਬੜੀਆਂ ਦਿਲਚਸਪ

ਘਟਨਾਵਾਂ ਸੁਣਾਇਆ ਕਰਦੇ ਸਨ ਜਿਹਨਾਂ ਵਿਚੋਂ ਇਕ ਬੜੀ ਦਿਲਚਸਪ ਵਾਰਤਾ ਦਾ ਜ਼ਿਕਰ ਕਰਦੇ ਹਾਂ। ਇਹ ਉਨ੍ਹਾਂ ਦਿਨ੍ਹਾਂ ਦੀ ਗੱਲ ਹੈ ਜਦੋਂ ਮਾਸ-ਟਰ ਤਾਰਾ ਸਿੰਘ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਸਨ ਤੇ ਉਨ੍ਹਾਂ ਦੇ ਸਾਥੀ ਜਥੇਦਾਰ ਊਧਮ ਸਿੰਘ ਨਾਗੋਕੇ ਤੇ ਜਥੇਦਾਰ ਈਸ਼ਰ ਸਿੰਘ ਮਝੈਲ ਉਨ੍ਹਾਂ ਤੋਂ ਵੱਖਰੇ ਹੋ ਕੇ ਕਾਂਗਰਸ ਵਿਚ ਜਾ ਸ਼ਾਮਲ ਹੋਏ ਸਨ। ਮਾਸਟਰ ਤਾਰਾ ਸਿੰਘ ਨੇ ਇਕ ਵਿਸ਼ੇਸ਼ ਮਿਸ਼ਨ ਤੇ ਆਪਣੇ ਕੁਝ ਨਿਜੀ ਵਿਸ਼ਵਾਸ਼ ਵਾਲੇ ਅਕਾਲੀ ਸੰਤ ਵਿਨੋਬਾ ਭਾਵੇਂ ਜੀ ਪਾਸ ਘੱਲੇ। ਸ੍ਰੀ ਵਿਨੋਬਾ ਭਾਵੇ ਜੀ ਤੋਂ ਉਹ ਸਲਾਹ ਲੈਣੀ ਚਾਹੁੰਦੇ ਸਨ ਕਿ ਕੀ ਸਿੱਖ ਧਰਮ ਤੇ ਰਾਜਨੀਤੀ ਵੱਖਰੇ ਰਹਿਣੇ ਚਾਹੀਦੇ ਜਾਂ ਇਕੱਠੇ ਰਹਿਣੇ ਠੀਕ ਹਨ। ਸ੍ਰੀ ਵਿਨੋਬਾ ਭਾਵੇ ਨੇ ਉਸ ਮਿਸ਼ਨ ਨੂੰ ਸਲਾਹ ਦਿੱਤੀ ਕਿ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਨਹੀਂ ਹੋਣਾ ਚਾਹੀਦਾ। ਧਰਮ ਵਿਚ ਪ੍ਰਭੂ ਦੀ ਉਪਾਸਨਾ, ਸਚਾਈ, ਈਮਾਨਦਾਰੀ ਤੇ ਲੋਕਾਂ ਦੀ ਸੇਵਾ-ਹਮਦਰਦੀ ਆਦਿ ਕਰਨੀ ਹੁੰਦੀ ਹੈ। ਪਰ ਰਾਜਨੀਤੀ ਵਿਚ ਇਸ ਤੋਂ ਉਲਟ ਝੂਠ, ਫਰੇਬ ਤੇ ਲੋਕਾਂ ਨੂੰ ਸਬਜ਼ ਬਾਗ ਵਿਖਾ ਕੇ ਉਹਨਾਂ ਤੋਂ ਵੋਟਾਂ ਬਟੋਰਨਾ ਹੁੰਦਾ ਹੈ। ਰਾਜਨੀਤੀ ਵਿਚ ਜਨਤਾ ਨਾਲ ਝੂਠ ਲਾਰੇ ਲਾ ਕੇ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਬਣਨਾਂ ਤੇ ਸੂਬਿਆਂ ਦੀਆਂ ਅਸੈਂਬਲੀਆਂ ਦੇ ਐਮ.ਐਲ.ਏ. ਬਣਨਾ ਹੀ ਨੇਤਾ ਲੋਕਾਂ ਦਾ ਕੰਮ ਹੁੰਦਾ ਹੈ। ਇਸ ਲਈ ਧਰਮ ਅਤੇ ਰਾਜਨੀਤੀ ਬਿਲਕੁਲ ਵੱਖਰੇ ਹੋਣੇ ਚਾਹੀਦੇ ਹਨ।

ਜਦੋਂ ਇਸ ਡੇਪੁਟੇਸ਼ਨ ਨੇ ਮਾਸਟਰ ਤਾਰਾ ਸਿੰਘ ਨੂੰ ਸੰਤ ਵਿਨੋਬਾ ਭਾਵੇ ਨਾਲ ਹੋਈ ਗੱਲਬਾਤ ਦਾ ਸਾਰੰਸ਼ ਦੱਸਿਆ ਤਾਂ ਮਾਸਟਰ ਜੀ ਵੀ ਵਿਨੋਬਾ ਜੀ ਦੀਆਂ ਦਲੀਲਾਂ ਦੇ ਕਾਇਲ ਹੋ ਗਏ ਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਸ੍ਰੋਮਣੀ ਕਮੇਟੀ ਨੂੰ ਸਿਰਫ਼ ਧਰਮ ਕਾਰਜਾਂ ਲਈ ਕੰਮ ਕਰਨਾ ਚਾਹੀਦਾ ਹੈ, ਤੇ ਰਾਜਸੀ ਸਰਗਰਮੀਆਂ ਸ੍ਰੋਮਣੀ ਅਕਾਲੀ ਦਲ ਦੇ ਖੇਤਰ ਵਿਚ ਹੋਣੀਆਂ ਚਾਹੀਦੀਆਂ ਹਨ।

ਮਾਸਟਰ ਤਾਰਾ ਸਿੰਘ ਨੇ ਆਪਣੇ ਸਹਿਯੋਗੀਆਂ ਨਾਲ ਗੱਲਬਾਤ ਕਰਕੇ ਇਕ ਐਲਾਨ-ਨਾਮਾ ਤਿਆਰ ਕੀਤਾ ਜੋ ਦੂਜੀ ਸਵੇਰ ਦੀਆਂ ਅਖਬਾਰਾਂ ਵਿਚ ਛਪਣਾ ਸੀ ਪਰ ਇਸ ਫੈ ਲੇ ਦੀ ਭਿਣਕ ਵਿਰੋਧੀ ਪਾਰਟੀਆਂ ਦੇ ਬੰਦਿਆਂ ਦੇ ਕੰਨੀ ਪੈ ਗਈ। ਉਹਨਾਂ ਫੈਸਲਾ ਕੀਤਾ ਕਿ ਮਾਸਟਰ ਜੀ ਦੇ ਇਸ ਫੈਸਲੇ ਨੂੰ 'ਇਸ਼ੂ' ਬਣਾ ਕੇ ਉਹਨਾਂ ਨੂੰ ਖ਼ੂਬ ਭੰਡਿਆ ਜਾਵੇ ਕਿ ਮਾਸਟਰ ਗਰੁੱਪ ਪੰਥ ਦੀਆਂ ਮੁਢਲੀਆ ਰਵਾਇਤਾਂ ਨੂੰ ਤਾਰੋ ਪੀਡਾ ਕਰਨਾ ਚਾਹੁੰਦਾ ਹੈ, ਜੋ ਸਿੱਖ ਧਰਮ ਦੇ ਬਿਲਕੁਲ ਵਿਰੁੱਧ ਹੈ।

ਅਕਾਲੀ ਦਲ ਦੇ ਇਸ ਐਲਾਨ-ਨਾਮੇ ਨੂੰ ਪ੍ਰੈਸ ਵਿਚ ਦੇਣ ਤੋਂ ਕੁਝ ਮਿੰਟ ਪਹਿਲਾਂ ਹੀ ਮਾਸਟਰ ਜੀ ਨੂੰ ਪਤਾ ਲੱਗ ਗਿਆ ਕਿ ਵਿਰੋਧੀ ਇਸ ਐਲਾਨ ਨੂੰ ਢਾਲ ਬਣਾ ਕੇ ਉਨ੍ਹਾਂ ਨੂੰ ਬਦਨਾਮ ਕਰਨਾ ਚਾਹੁੰਦੇ ਹਨ। ਸੋ ਉਨ੍ਹਾਂ ਫੌਰਨ ਆਪਣੇ ਮਤੇ ਨੂੰ ਪ੍ਰੈਸ ਜਾਣ ਤੋਂ ਰੋਕ ਲਿਆ। ਇਸ ਤਰ੍ਹਾਂ ਵਿਰੋਧੀਆਂ ਦਾ ਖੜ ਯੰਤਰ ਉਲਟੇ ਭਾਰ ਜਾ ਡਿਗਿਆ।

ਗਿਆਨੀ ਬਾਦਲ ਸਿੰਘ ਜੀ ਦੱਸਿਆ ਕਰਦੇ ਸਨ, 'ਸਿੱਖ ਰਾਜਨੀਤੀ ਵਿਚ ਇਹ

ਪਰੰਪਰਾ ਚਲੀ ਆ ਰਹੀ ਸੀ ਕਿ ਸ਼੍ਰੋਮਣੀ ਕਮੇਟੀ ਤੇ ਕਿਸੇ ਵੀ ਪਾਰਟੀ ਦਾ ਕਬਜ਼ਾ ਹੁੰਦਾ ਦੂਜੀ ਪਾਰਟੀ ਨਾਲ ਸੰਬਧਤ ਅਧਿਕਾਰੀਆਂ, ਕਾਮਿਆਂ ਤੇ ਸੇਵਾਦਾਰਾਂ ਨੂੰ ਪਹਿਲਾ ਵਾਗ ਹੀ ਅਹੁਦਿਆਂ ਤੇ ਟਿਕਿਆ ਰਹਿਣ ਦਿੱਤਾ ਜਾਂਦਾ। ਇਥੋਂ ਤੀਕ ਜੋ ਸ੍ਰੋਮਣੀ ਕਮੇਟੀ ਤੇ ਨਾਗੋਕੇ ਗਰੁੱਪ ਦਾ ਕਬਜ਼ਾ ਹੁੰਦਾ ਤੇ ਮਾਸਟਰ ਤਾਰਾ ਸਿੰਘ ਦੇ ਕਿਸੇ ਬੰਦੇ ਦਾ ਕੰਮ ਕਰਵਾਉਣਾ ਹੁੰਦਾ ਤਾਂ ਮਾਸਟਰ ਜੀ ਦੇ ਸੰਦੇਸ਼ ਤੇ ਫੁੱਲ ਚੜ੍ਹਾਏ ਜਾਂਦੇ ਤ ਸਤ-ਬਚਨ ਕਹਿ ਕੇ ਉਸ ਬੰਦੇ ਦਾ ਕੰਮ ਕਰ ਦਿੱਤਾ ਜਾਂਦਾ। ਇਸੇ ਤਰ੍ਹਾਂ ਨਾਗੋਕੇ ਧੜ ਵਲੋਂ ਆਏ ਕਿਸ ਸੰਦੇਸ਼ ਨੂੰ ਫੌਰੀ ਤੌਰ ਤੇ ਪੂਰਾ ਕਰ ਦਿੱਤਾ ਜਾਂਦਾ ਪਰ ਜਦੋਂ ਸੰਤ ਫਤਹਿ ਸਿੰਘ ਦਾ ਸ੍ਰੂਮਣੀ ਕਮੇਟੀ ਤੇ ਕਬਜ਼ਾ ਹੋਇਆ ਤਾਂ ਸਾਰੇ ਪੁਰਾਤਨ ਅਸੂਲ ਛਿੱਕੇ ਤੇ ਟੰਗ ਕੇ ਪੁਰਾਣੇ ਬੰਦਿਆਂ ਨੂੰ ਕੱਢ ਕ ਆਪਣੇ ਬੰਦਿਆਂ ਨੂੰ ਯੋਗ ਬੰਦਿਆਂ ਦੀ ਥਾ ਬਹਾਲ ਕਰ ਦਿੱਤਾ ਜਾਂਦਾ।

ਮਾਸਟਰ ਤਾਰਾ ਸਿੰਘ ਨੇ ਗੰਗਾ ਨਗਰ ਦੇ ਸੰਤ ਬਾਬਾ ਫਤਹਿ ਸਿੰਘ ਨੂੰ ਅੰਮ੍ਰਿਤਸਰ ਲੈ ਆਂਦਾ। ਉਨ੍ਹਾਂ ਦੇ ਨਾਲ ਸੰਤ ਚੰਨਣ ਸਿੰਘ ਜੀ ਵੀ ਸਨ। ਜਦੋਂ ਸੰਤ ਫਤਹਿ ਸਿੰਘ ਦਾ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਹੋ ਗਿਆ ਤਾਂ ਉਸ ਨੇ ਸਭ ਤੋਂ ਪਹਿਲਾਂ ਕੰਮ ਇਹ ਕੀਤਾ ਕਿ ਸ਼੍ਰੋਮਣੀ ਕਮੇਟੀ ਨਾਲ ਸੰਬੰਧਤ ਸਾਰੇ ਗੁਰਦੁਵਾਰਿਆ ਵਿਚੋਂ ਮਾਸਟਰ ਤਾਰਾ ਸਿੰਘ ਪੱਖੀ ਪ੍ਰਬੰਧਕ ਤੇ ਸੇਵਾਦਾਰਾਂ ਦੀ ਥਾਂ ਆਪਣੇ ਬੰਦੇ ਭਰਤੀ ਕਰ ਲਏ। ਹਾਪੜ ਦੇ ਮਿਸ਼ਨਰੀ ਅਸਥਾਨ ਤੇ ਕਾਲਜ ਆਦਿ ਦਾ ਪ੍ਰਬੰਧ ਗਿਆਨੀ ਬਾਦਲ ਸਿੰਘ ਜੀ ਤੋਂ ਖੋਹ ਕੇ ਆਪਣੇ ਬੰਦਿਆਂ ਦੇ ਸਪੁਰਦ ਕਰ ਦਿੱਤਾ। ਗਿਆਨੀ ਬਾਦਲ ਸਿੰਘ ਜੀ ਇਸ ਤੋਂ ਬਹੁਤ ਮਾਯੂਸ ਹੋਏ ਕਿਉਂਕਿ ਉਨ੍ਹਾਂ ਦੀ ਸਾਰੀ ਉਮਰ ਦੀ ਮਿਹਨਤ ਤੇ ਦੌੜ-ਭਜ ਤੇ ਇਕ ਦਮ ਪਾਣੀ ਫਿਰ ਗਿਆ।

ਗਿਆਨੀ ਬਾਦਲ ਸਿੰਘ ਬੜੇ ਨੇਕ ਤੇ ਭਲੇ ਪੁਰਸ਼ ਸਨ। ਉਨ੍ਹਾਂ ਨੇ ਗੁਰਦੁਆਰੇ ਤੇ ਕਾਲਜ ਲਈ ਆਏ ਲੱਖਾਂ ਰੁਪਇਆਂ 'ਚੋਂ ਆਪਣੇ ਨਿਜੀ ਲਾਭ ਲਈ ਕਦੇ ਇਕ ਪੈਸਾ ਵੀ ਨਹੀਂ ਲਿਆ। ਗੁਰਦੁਆਰਾ ਕਮੇਟੀ ਦੇ ਮਿਸ਼ਨਰੀ ਹੋਣ ਦੇ ਨਾਤੇ ਉਨ੍ਹਾਂ ਨੂੰ ਜੋ ਤਨਖਾਹ ਮਿਲਦੀ ਸੀ, ਉਸ ਨਾਲ ਹੀ ਉਹ ਆਪਣੀ ਗੁਜ਼ਰ ਕਰਦੇ ਸਨ। ਜਦੋਂ ਉਨ੍ਹਾ ਨੂੰ ਗੁਰਦੁਆਰਾ ਪ੍ਰਬੰਧਾਂ ਤੇ ਮਿਸ਼ਨਰੀ ਕਾਰਜ ਤੋਂ ਅਲੱਗ ਕਰ ਦਿੱਤਾ ਗਿਆ ਤਾਂ ਉਸ ਸਮੇਂ ਵੀ ਉਨ੍ਹਾਂ ਦੀ ਘਰੇਗੀ ਹਾਲਤ ਬਹੁਤ ਤਰਸਯੋਗ ਸੀ। ਉਹਨਾਂ ਦੀ ਪਤਨੀ ਬੀਮਾਰ ਰਹਿੰਦੀ ਸੀ। ਅਧ-ਰੰਗ ਦੀ ਰੋਗੀ ਹੋਣ ਕਾਰਣ ਉਹ ਉਠ ਬੈਠ ਨਹੀਂ ਸੀ ਸਕਦੀ. ਉਹਨਾਂ ਨੇ ਆਪਣੇ ਵੱਡੇ ਬੇਟੇ ਨੂੰ ਕਰਜ਼ਾ ਲੈ ਕੇ ਟਰੱਕ ਲੈ ਦਿੱਤਾ। ਥੜ੍ਹੀ ਦੇਰ ਬਾਅਦ ਹੀ ਟਰੱਕ ਘਾਟੇ ਵਿਚ ਜਾਣ ਕਰਕੇ ਵੇਚ ਦਿੱਤਾ ਗਿਆ ਤੇ ਸਿਰ ਤੇ ਕਈ ਹਜ਼ਾਰ ਰੁਪਇਆਂ ਕਰਜ਼ ਹੋ ਗਿਆ ਬੈਂਕ ਦੀਆਂ ਕਿਸ਼ਤਾਂ ਵੀ ਵਕਤ ਸਿਰ ਨਾ ਉਤਾਰੀਆ ਜਾ ਸਕੀਆਂ। ਦੂਜੇ ਬਟੇ ਕੁਲਦੀਪ ਨੇ ਐਮ. ਏ. ਕਰ ਲਈ ਸੀ। ਉਸ ਨੂੰ ਕੋਈ ਨੌਕਰੀ ਨਹੀਂ ਸੀ ਮਿਲ ਰਹੀ। ਆਪ ਉਹ ਨੌਕਰੀਓਂ ਰਿਟਾਇਰ ਹੋ ਚੁੱਕੇ ਸਨ ਘਰ ਦੀ ਹਾਲਤ ਬੜੀ ਖਸਤਾ ਸੀ ਉਹਨੀਂ ਦਿਨੀਂ ਉਹ ਬੜੇ ਮਾਯੂਸ ਰਹਿੰਦੇ ਸਨ ਹਫ਼ਤੇ ਵਿਚ ਇਕ-ਅਧ ਵਾਰੀ ਦਿਲੀ ਜ਼ਰੂਰ ਆਉਂਦੇ।

ਸ੍ਰ. ਗੁਰਦਿਆਲ ਸਿੰਘ ਮੈਨੇਜਰ ਨੂੰ ਮਿਲਣ ਮਗਰੋਂ ਮੇਰੇ ਪਾਸ ਪ੍ਰੈਸ ਵਿਚ ਵੀ ਆਉਂਦੇ। ਬੜੇ ਉਤਸ਼ਾਤ ਭਰਪੂਰ ਤੇ ਚੜ੍ਹਦੀ ਕਲਾ ਵਾਲੇ ਗਿਆਨੀ ਬਾਦਲ ਸਿੰਘ ਜੀ ਹੁਣ ਜ਼ਿੰਦਗੀ ਤੋਂ ਬੜੇ ਮਾਯੂਸ ਹੋਣ ਲੱਗ ਪਏ।

ਉਹਨੀਂ ਦਿਨੀਂ ਪੰਜਾਬ ਸਿੰਧ ਬੈਂਕ ਦੇ ਆਪਣੇ ਦੋ ਮਿੱਤਰਾਂ ਸ੍ਰ. ਭਾਗ ਸਿੰਘ ਤੇ ਸ੍ਰ. ਹਰਭਜਨ ਸਿੰਘ ਨਾਲ ਮੈਂ ਗਲਬਾਤ ਕੀਤੀ। ਉਹ ਪੰਜਾਹ-ਪੰਜਾਹ ਰੁਪਏ ਹਰ ਮਹੀਨੇ ਭੇਜ ਦਿੰਦੇ। ਪੰਜਾਹ ਰੁਪਏ ਸ੍ਰ. ਗੁਰਦਿਆਲ ਸਿੰਘ ਜੀ ਦੇ ਦੇਂਦੇ ਤੇ ਪੰਜਾਹ ਆਪਣੇ ਕਲੋਂ ਪਾ ਕੇ ਗਿਆਨੀ ਬਾਦਲ ਸਿੰਘ ਨੂੰ ਭੇਟ ਕਰ ਦਿੰਦਾ। ਇਸ ਤਰ੍ਹਾਂ ਕਈ ਮਹੀਨੇ ਲੰਘ ਗਏ।

ਉਹਨਾਂ ਨੇ ਆਪਣੇ ਕਿਸੇ ਮਿੱਤਰ ਦੇ ਰਾਹੀਂ ਪੰਜਾਬ ਸਿੰਧ ਬੈਂਕ ਦੇ ਮੈਨੇਜਰ ਨਾਲ ਗਲਬਾਤ ਕੀਤੀ। ਮੈਂ ਵੀ ਆਪਣੇ ਦੋਹਾਂ ਮਿੱਤਰਾਂ ਸ੍ਰ. ਭਾਗ ਸਿੰਘ ਤੇ ਸ੍ਰ. ਹਰਭਜਨ ਸਿੰਘ ਰਾਹੀਂ ਉਨ੍ਹਾਂ ਦੇ ਐਮ. ਏ. ਪਾਸ ਬੇਟੇ ਸ੍ਰ. ਕੁਲਦੀਪ ਸਿੰਘ ਬਾਰੇ ਸਿਫਾਰਸ਼ ਕੀਤੀ ਤੇ ਉਸ ਨੂੰ ਪੰਜਾਬ ਸਿੰਧ ਬੈਂਕ ਵਿਚ ਲੈ ਲਿਆ ਗਿਆ ਤੇ ਹਾਪੜ ਤੋਂ ਕਾਫੀ ਦੂਰ ਬੈਂਕ ਦੀ ਬਰਾਂਚ ਵਿਚ ਉਸ ਨੂੰ ਚੰਗੇ ਅਫਸਰ ਅਹੁਦੇ ਤੇ ਲਾ ਦਿੱਤਾ ਗਿਆ।

ਗਿਆਨੀ ਬਾਦਲ ਸਿੰਘ ਜੀ ਚਾਹੁੰਦੇ ਸਨ ਕਿ ਉਹਨਾਂ ਦਾ ਬੇਟਾ ਘਰ ਦੇ ਨੇੜੇ ਹੀ ਰਹੇ। ਪਰ ਕੋਈ ਅਜਿਹੀ ਗੱਲ ਬਣ ਨਾ ਸਕੀ। ਸਾਰ ਪਰਿਵਾਰ ਨੂੰ ਜਿਥੇ ਉਸ ਨੌਕਰੀ ਦੀ ਖੁਸ਼ੀ ਸੀ ਉਥੇ ਇਹ ਸੁਣ ਕੇ ਬੜੀ ਪ੍ਰੇਸ਼ਾਨੀ ਹੋਈ ਕਿ ਉਹ ਘਰੋਂ ਕਾਫੀ ਦੂਰ ਰਹੇਗਾ। ਕੁਲਦੀਪ ਸਿੰਘ ਤਿਆਰ ਹੋ ਕੇ ਹਾਪੜ ਦੇ ਸਟੇਸ਼ਨ ਤੇ ਆ ਪੁੱਜਾ ਉਸ ਨੂੰ ਤੋਰਨ ਲਈ ਗਿਆਨੀ ਜੀ ਤੇ ਉਹਨਾਂ ਦੀ ਬੇਟੀ ਵੀ ਸਟੇਸ਼ਨ ਤੇ ਆਏ। ਗੱਡੀ ਆਉਣ ਤੀਕ ਉਹ ਆਪਸ ਵਿਚ ਗੱਲਾਂ ਕਰਦੇ ਰਹੇ। ਗਿਆਨੀ ਜੀ ਵੀ ਬਹਰ-ਮੁਖੀ ਹੱਸ ਹੱਸ ਕੇ ਗੱਲਾਂ ਕਰ ਰਹੇ ਸਨ, ਪਰ ਅੰਦਰੋਂ ਉਹਨਾਂ ਦਾ ਹਿਰਦਾ ਕੰਬੀ ਜਾ ਰਿਹਾ ਸੀ।

ਗੱਡੀ ਆਈ, ਭੈਣ-ਭਰਾ ਮਿਲੇ। ਕੁਲਦੀਪ ਸਿੰਘ ਨੇ ਗਿਆਨੀ ਜੀ ਦੇ ਪੈਰੀਂ ਹੱਥ ਲਾਇਆ। ਉਹਨਾਂ ਘੁੱਟ ਕੇ ਜੱਫੀ ਪਾਈ। ਕੁਲਦੀਪ ਸਿੰਘ ਆਪਣੀ ਸੀਟ ਤੇ ਬੈਠ ਗਿਆ। ਗੱਡੀ ਛਕ-ਛਕ ਕਰ ਕੇ ਤੁਰ ਪਈ। ਉਧਰ ਗਿਆਨੀ ਜੀ ਦਾ ਹਿਰਦਾ ਧਕ ਧਕ ਕਰ ਰਿਹਾ ਸੀ। ਗਿਆਨੀ ਜੀ ਤੇ ਉਹਨਾਂ ਦੀ ਬੱਚੀ ਨੇ ਕੁਲਦੀਪ ਸਿੰਘ ਨੂੰ ਹੱਥ ਹਿਲਾ ਕੇ ਤੇ ਸ਼ੁਭ ਇਛਾਵਾਂ ਦੇ ਕੇ ਵਿਦਾ ਕੀਤਾ। ਗੱਡੀ ਚਲੀ ਗਈ। ਗਿਆਨੀ ਜੀ ਕਾਫੀ ਦੇਰ ਉਹਨਾਂ ਰਾਹਾਂ ਵੱਲ ਵੇਖਦੇ ਰਹੇ ਜਿਧਰ ਗੱਡੀ ਲੰਘੀ ਸੀ। ਕੁਝ ਮਿੰਟਾਂ ਮਗਰੋਂ ਜਦੋਂ ਸਟੇ-ਸ਼ਨ ਤੇ ਖਾਮੋਸ਼ੀ ਛਾ ਗਈ, ਤੇ ਗਿਆਨੀ ਜੀ ਨੂੰ ਗੱਡੀ ਤੇ ਆਪਣਾ ਲਾਡਲਾ ਬੇਟਾ ਕੁਲਦੀਪ ਸਿੰਘ ਨਜ਼ਰ ਨਾ ਆਇਆ ਤਾਂ ਕੁਝ ਪਲ ਉਹ ਖ਼ਾਮੋਸ਼ੀ ਨਾਲ ਖੜ੍ਹੇ ਰਹੇ। ਫਿਰ ਉਹਨਾਂ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਜਦੋਂ ਕੁਝ ਵੀ ਵੇਖਣ ਲਈ ਨਹੀਂ ਸੀ ਰਹਿ ਗਿਆ ਤਾਂ ਉਹ ਚੁਪਾਟ ਪਲੇਟ ਫਾਰਮ ਤੇ ਬੇ-ਸੁਧ ਡਿਗ ਪਏ ਇਹ ਵੇਖ ਉਹਨਾਂ ਦਾ ਬੇਟੀ ਦੌੜੀ ਆਈ ਤੇ ਹੋਰ ਵੀ ਲੋਕ ਗਿਆਨੀ ਜੀ ਨੂੰ ਸੰਭਾਲਣ ਲਈ ਪੁਜ ਗਏ, ਪਰ ਭੌਰ ਉਡ ਗਿਆ ਸੀ। ਹੁਣ ਤਾਂ ਸਿਰਫ ਬੇ-ਸੁਧ ਹੋਈ ਲਾਸ਼ ਹੀ ਪਈ ਸੀ। ਹਾਪੜ ਦੇ ਲੋਕਾ ਨੂੰ ਪਤਾ ਲੱਗਾ।

ਗਿਆਨੀ ਜੀ ਨੂੰ ਨੇੜੇ ਦੇ ਹਸਪਤਾਲ ਵਿਚ ਪੁਚਾਇਆ ਗਿਆ। ਡਾਕਟਰ ਨੇ ਨਬਜ਼ ਵੇਖੀ, ਦਿਲ ਦੀ ਧੜਕਣ ਵੇਖੀ ਪਰ ਉਥੇ ਤਾਂ ਧੜਕਣ ਲਈ ਕੁਝ ਵੀ ਨਹੀਂ ਸੀ। ਸਿਰਫ਼ ਗਿਆਨੀ ਜੀ ਦਾ ਖਾਮੋਸ਼ ਤੇ ਅਡੋਲ ਦੁਨੀਆਂ ਦੇ ਬਖੇੜਿਆਂ ਤੋਂ ਦੂਰ ਤੇ ਬੇ-ਪ੍ਰਵਾਹ ਹੋਇਆ ਪਿੰਜਰ ਹੀ ਪਿਆ ਸੀ।

ਦੂਰ ਨੇੜੇ ਗਿਆਨੀ ਜੀ ਦੀ ਮੌਤ ਦੀ ਖ਼ਬਰ ਪਹੁੰਚ ਗਈ। ਅਗਲੇ ਐਤਵਾਰ ਉਹਨਾਂ ਬਾਰੇ ਆਖੰਡ ਪਾਠ ਉਪਰੰਤ ਕੀਰਤਨ ਦੀ ਸਮਾਪਤੀ ਮਗਰੋਂ ਉਹਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸਰਧਾਂਜਲੀਆਂ ਵਿਚ ਉਹ ਨੇਤਾ ਗਣ ਸਭ ਤੋਂ ਅੱਗੇ ਸਨ। ਜਿਹਨਾਂ ਨੇ ਉਹਨਾਂ ਨੂੰ ਨੌਕਰੀਓਂ ਹਟਾ ਕੇ ਪਰਵਾਰ ਦੀ ਬਰਬਾਦੀ ਦੇ ਸਮਾਨ ਪੈਦਾ ਕੀਤੇ ਸਨ।

ਇਹ ਸੀ ਅੰਤ ਉਸ ਗੁਰਮੁਖ ਪਿਆਰੇ ਗਿਆਨੀ ਬਾਦਲ ਸਿੰਘ ਦਾ, ਜਿਸ ਨੇ ਸਾਰੀ ਉਮਰ ਪੰਥ ਦੀ ਸੇਵਾ ਕੀਤੀ। ਲੱਖਾਂ ਰੁਪਏ ਇਕੱਤਰ ਕਰ ਕੇ ਗੁਰ-ਅਸਥਾਨ ਕਾਲਜ ਤੇ ਹੋਰ ਬਹੁਤ ਸਾਰੀਆਂ ਬਿਲਡਿੰਗਾਂ ਦੀ ਉਸਾਰੀ ਕਰਕੇ ਪੰਥ ਦੇ ਹਵਾਲੇ ਕੀਤੀਆਂ। ਸ਼ਾਇਦ ਕਿਸੇ ਪੰਥ ਸੇਵਕ ਦਾ ਇਹੋ ਜਿਹਾ ਦੁਖਦਾਈ ਅੰਤ ਨਾ ਹੋਇਆ ਹੋਵੇ। ਉਸ ਬਹਾਦਰ, ਮਿਹਨਤੀ, ਸ਼ਰਧਾਵਾਨ, ਸਿਦਕੀ ਵਿਦਵਾਨ ਮਿਸ਼ਨਰੀ ਨੂੰ ਅਸੀਂ ਪ੍ਰਣਾਮ ਕਰਦੇ ਹਾਂ।

# ਪ੍ਰੰਸੀਪਲ ਚੰਨਣ ਸਿੰਘ 'ਮਜਬੂਰ'

ਪ੍ਰਿੰਸੀਪਲ ਚੰਨਣ ਸਿੰਘ 'ਮਜ਼ਬੂਰ' ਗੁਰਬਾਣੀ ਸੰਗੀਤ ਖੇਤਰ ਵਿਚ ਇਕ ਸੰਸਥਾ ਨੁਮਾ ਵਿਸੇਸ਼ ਨਾਂ ਹੈ। ਉਹਨਾਂ ਦਾ ਜਨਮ 10 ਫਰਵਰੀ 1935 'ਚ ਸੂਬੇਦਾਰ ਠਾਕੁਰ ਸਿੰਘ (ਰਿਟਾਇਰਡ) ਦੇ ਗ੍ਰਿਹ ਵਿਖੇ ਹੋਇਆ। ਉਹਨਾਂ ਨੇ ਗੁਰਬਾਣੀ ਸੰਗੀਤ ਦੀ ਬਕਾਇਦਾ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੈ। ਉਹ ਡਬਲ ਐਮ. ਏ. ਸੰਗੀਤ ਹਨ। ਉਹਨਾਂ ਨੇ ਸੰਗੀਤ ਭਾਸਕਰ (ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ), ਸੰਗੀਤ ਪ੍ਰਵੀਨ (ਪ੍ਰਯਾਗ ਸੰਗੀਤ ਸੰਮਤੀ ਅਲਾਹਾਬਾਦ) ਅਤੇ ਤਬਲਾ ਭਾਸਕਰ (ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ) ਦੀ ਵਿਸ਼ੇਸ਼ ਸੰਗੀਤ-ਵਿਦਿਆ-ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਉਹਨਾਂ ਨੇ ਸਵਰਗੀਏ ਸੰਗੀਤ ਪ੍ਰੋਫਸਰ ਦਰਸ਼ਨ ਸਿੰਘ ਕੋਮਲ ਨੰਗਲਕਲਾਂ ਹੁਸ਼ਿਆਰਪੁਰ ਵਾਲਿਆਂ ਕੋਲੋਂ ਸ਼ਾਸਤਰੀ ਸੰਗੀਤ ਗੁਰਬਾਣੀ ਸੰਗੀਤ ਤੇ ਕਾਵਿ-ਕਲਾ ਦੇ ਅੰਤਰ-ਸੰਬੰਧ ਤੇ ਸੰਗੀਤ-ਸੁਮੇਲ ਦੀ ਵਿਸ਼ੇਸ਼ ਵਿਦਿਆ ਵੀ ਪ੍ਰਾਪਤ ਕੀਤੀ ਹੈ।

ਗੁਰਮਤਿ ਸੰਗੀਤ ਨੂੰ ਤੇ ਵਿਸ਼ੇਸ਼ ਤੌਰ ਤੇ ਗੁਰਬਾਣੀ ਸੰਗੀਤ ਪ੍ਰੇਮੀਆਂ ਨੂੰ ਉਨਹਾਂ ਦੀ ਜਿਕਰਯੋਗ ਤੇ ਵਡ-ਮੁੱਲੀ ਦੇਣ ਹੈ। ਉਹ ਅਮਰ ਸੰਗੀਤ ਵਿਦਿਆਲਾ ਹੁਸ਼ਿਆਰਪੁਰ ਦੇ ਸੰਚਾਲਕ ਹਨ। ਇਹ ਸੰਗੀਤ-ਸੰਸਥਾ ਪਿਛਲੇ 36 ਸਾਲਾਂ ਤੋਂ ਸੰਗੀਤ ਪ੍ਰੇਮੀਆਂ ਦੀ ਸੇਵਾ ਕਰ ਰਹੀ ਹੈ, ਜਿਥੋਂ ਹਜ਼ਾਰਾਂ ਸਿਖਿਆਰਥੀ ਸੰਗੀਤ ਸਿੱਖਿਆ ਪ੍ਰਾਪਤ ਕਰ ਕੇ ਦੇਸ਼-ਵਿਦੇਸ਼ ਵਿਚ ਆਪਣੇ ਫ਼ਨ ਦਾ ਪ੍ਰਦਰਸ਼ਨ ਕਰ ਰਹੇ ਹਨ। ਇਕ ਅਨੁਮਾਨ ਅਨੁਸਾਰ ਇਸ ਸੰਸਥਾ 'ਅਮਰ ਸੰਗੀਤ ਵਿਦਿਆਲਾ' ਤੋਂ 2500 ਦੇ ਕਰੀਬ ਸਿਖਿਆਰਥੀਆਂ ਨੇ ਰਜਿਸਟਰਡ ਦਾਖਲਾ ਲੈ ਕੇ ਸੰਗੀਤ ਸਿੱਖਿਆ ਹੈ, ਜਿਹਨਾਂ ਵਿਚੋਂ 700 ਦੇ ਕਰੀਬ ਸਿਖਿਆਰਥੀਆਂ ਨੇ ਵਿਸ਼ੇਸ਼ ਕਾਮਯਾਬੀ ਹਾਸਲ ਕੀਤੀ ਹੈ। ਇਸ ਸੰਸਥਾ ਦੇ ਸਿਖਿਅਤ ਸੰਗੀਤਕਾਰ ਰੇਡੀਓ ਤੇ ਟੀ. ਵੀ. ਕਲਾਕਾਰ ਦੇ ਤੌਰ ਤੇ ਵੀ ਕੰਮ ਕਰਦੇ ਰਹੇ ਹਨ। ਕੁਝ ਸਕੂਲਾਂ ਤੇ ਕਾਲਜ਼ਾਂ ਵਿਚ ਸੰਗੀਤ ਅਧਿਆਪਕ ਦੇ ਤੌਰ ਤੇ ਕੰਮ ਕਰ ਰਹੇ ਹਨ ਅਤੇ ਕਈ ਦੇਸ਼-ਵਿਦੇਸ਼ ਦੇ ਗੁਰਧਾਮਾ ਤੇ ਰਾਗੀ-ਹੈੱਡ ਰਾਗੀ ਵਜੋਂ ਕੀਰਤਨ ਨਾਲ ਸੰਗਤਾਂ ਦੀ ਸੇਵਾ ਕਰ ਰਹੇ ਹਨ। ਆਪ ਵਲੋਂ ਚਲਾਏ ਜਾ ਰਹੇ ਅਮਰ ਸੰਗੀਤ ਵਿਦਿਆਲਾ ਵਿਚ ਹਰ ਕੌਮ ਦੇ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਜਾਤ ਵਿਤਕਰੇ ਤੋਂ ਗੁਰਬਾਣੀ ਸੰਗੀਤ ਸ਼ਾਸਤਰੀ ਸੰਗੀਤ ਅਤੇ ਤਾਰ ਸਾਜ਼ਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਨੇਤਰਹੀਣ ਅਤੇ ਯਤੀਮਾਂ ਨੂੰ ਵਿਸ਼ੇਸ਼ ਤੌਰ ਤੇ ਮੁਫਤ ਸਿਖਲਾਈ ਦਿੱਤੀ ਜਾਂਦੀ ਹੈ।

ਨੇਤਰਹੀਣਾਂ ਅਤੇ ਯਤੀਮਾਂ ਦੀ ਭਲਾਈ ਵਾਸਤੇ ਇਹਨਾਂ ਨੇ ਇਕ ਸੋਸਾਇਟੀ (ਭਾਰਤ ਨੇਤਰ ਹੀਣ ਸੇਵਕ ਸਮਾਜ ਰਜਿ. ਨੰ. 23) ਰਾਹੀਂ ਇਕ ਆਸਰਮ (ਗੁਰੂ ਹਰਿ ਰਾਏ ਨੇਤਰ ਹੀਣ ਕੋਮਲ ਕਲਾ ਕੇਂਦਰ) ਵੀ ਖੋਲ੍ਹਿਆ ਹੋਇਆ ਹੈ ਜਿਸ ਵਿਚ

ਨੇਤਰਹੀਣਾਂ ਅਤੇ ਯਤੀਮਾਂ ਨੂੰ ਮੁਫਤ ਗੁਰਬਾਣੀ ਸੰਗੀਤ ਤੇ ਸਿਖਲਾਈ ਦੇ ਰਹੇ ਹਨ ਇਸ ਵੇਲੇ ਇਸ ਆਸ਼ਰਮ ਵਿਚ ਲਗਭਗ 17 ਨੇਤਰਹੀਣ ਅਤੇ ਯਤੀਮ ਬੱਚੇ ਸੰਗੀਤ ਸਿਖਿਆ ਪ੍ਰਾਪਤ ਕਰ ਰਹੇ ਹਨ।

ਪ੍ਰਿੰਸੀਪਲ ਚੰਨਣ ਸਿੰਘ 'ਮਜਬੂਰ' ਆਪਜ ਥੇ ਸਮੇਤ ਰਾਗਾਂ ਵਿਚ ਗੁਰਬਾਣੀ ਦੇ ਪ੍ਰਮਾਣ ਯਕਤ ਕੀਰਤਨ ਦੁਆਰਾ ਸੰਗਤਾਂ ਦੀ ਸੇਵਾ ਕਰ ਰਹੇ ਹਨ। ਉਹਨਾਂ ਦੇ ਕੀਰਤਨ ਦੀ ਵਿਸੇਸਤਾ ਇਹ ਹੈ ਕਿ ਉਹ ਜੋ ਰੀਤਾਂ ਗਾਉਂਦੇ ਹਨ। ਉਹ ਆਪ ਤਿਆਰ ਕਰਦੇ ਹਨ। ਉਹਨਾਂ ਨੂੰ ਸਰਗਮ ਵਿਚ ਖਾਸ ਮੁਹਾਰਤ ਹਾਸਲ ਹੈ। ਛੋਟੇ ਤਾਲਾਂ ਤੋਂ ਲੈ ਕੇ ਵੱਡੇ ਤ ਲਾਂ ਵਿਚ ਵੀ ਬੰਦਿਸ ਕਰ ਗਾਉਣ ਦੀ ਵਿਸ਼ੇਸ਼ ਮੁਹਾਰਤ ਰੱਖਦੇ ਹਨ। ਉਹਨਾਂ ਦੀ ਗਾਇਕੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹਨਾਂ ਨੇ ਹੁਣ ਤਕ ਕਦੇ ਵੀ ਫਿਲਮੀ ਟਿਊਨ ਤੇ ਸਬਦ ਨਹੀਂ ਗਾਏ ਅਤੇ ਨਾ ਹੀ ਕਦੇ ਕਿਸੇ ਦੂਜੇ ਰਾਗੀ ਦੀ ਨਕਲ ਕਰਕੇ ਗਾਇਆ ਹੈ। ਆਪਣੀ ਅਜਿਹੀ ਵਿਸੇਸ਼ ਮੁਹਾਰਤ ਤੇ ਯੋਗਤਾ ਸਦਕਾ ਆਪ ਬੜੇ ਹੀ ਸੁਚੱਜੇ ਢੰਗ ਨਾਲ ਸੰਗੀਤ ਸਿਖਲਾਈ ਦੇ ਕੇ ਅਮਰ ਸੰਗੀਤ ਵਿਦਿਆਲਾ ਚਲਾ ਰਹੇ ਹਨ।

ਉਹਨਾਂ ਦੇ ਜਥੇ ਦੇ ਦੂਜੇ ਸਾਥੀ ਵੀ ਸੰਗੀਤ ਵਿਦਿਆ ਦੇ ਮਾਹਿਰ ਹਨ। ਪ੍ਰੋ. ਗੁਰਦੇਵ ਸਿੰਘ ਫੁੱਲ ਡਬਲ ਐਮ. ਏ. ਸੰਗੀਤ ਅਤੇ ਪ੍ਰੋ. ਅਮਰੀਕ ਸਿੰਘ ਬੀ.ਏ ਆਨਰਜ, ਐਮ. ਏ. ਬੀ. ਐਡ, ਐਮ. ਫਿਲ. ਸਾਈਡ ਤੇ ਹਰਮੋਨੀਅਮ ਤੇ ਸਾਥ ਦਿੰਦੇ ਹਨ ਅਤੇ ਸ. ਭੁਪਿੰਦਰ ਸਿੰਘ ਨਿਪੁੰਨ ਤਬਲਾ ਵਾਦਕ ਹੈ।

ਆਪ ਰੇਡੀਓ ਅਤੇ ਟੀ. ਵੀ. ਤੋਂ ਪ੍ਰੋਗਰਾਮ ਸ਼ਬਦ ਕੀਰਤਨ ਵਿਚ ਏ ਸ਼੍ਰੇਣੀ ਦੇ ਕਲਾਕਾਰ ਵਜੋਂ ਪਿਛਲੇ ਤਕਰੀਬਨ 25 ਸਾਲ ਤੋਂ ਆ ਰਹੇ ਹਨ ਇਸ ਤੋਂ ਇਲਾਵਾ ਆਪ ਨੂੰ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਦੇ ਪ੍ਰੀਖਿਅਕ ਹੋਣ ਦਾ ਵੀ ਪਿਛਲੇ 25 ਸਾਲ ਤੋਂ ਤਜਰਬਾ ਹੈ। ਆਪ ਸਮੇਂ ਸਮੇਂ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਅਯੋਜਿਤ ਸੰਗੀਤ ਮੁਕਾਬਲਿਆਂ ਦੀ ਜੱਜਮੈਂਟ ਵੀ ਦਿੰਦੇ ਰਹਿੰਦੇ ਹਨ।

ਆਪ ਪੰਜਾਬ ਸਕੂਲ ਸਿਖਿਆ ਬੋਰਡ ਦੀ ਸੰਗੀਤ ਵਿਸ਼ਾ ਕਮੇਟੀ ਦੇ ਮੈਂਬਰ ਵੀ ਹਨ। ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾ ਲੁਧਿਆਣਾ ਦੀ ਰਾਗ ਨਿਰਣਾਇਕ ਕਮੇਟੀ ਦੇ ਮੁੱਖ ਸਲਾਹਕਾਰ ਹਨ। ਆਪ ਭਾਰਤ ਨੇਤਰਹੀਣ ਸੇਵਕ ਸਮਾਜ ਸ਼ਾਖਾ ਹੁਸ਼ਿਆਰਪੁਰ ਦੇ ਪ੍ਰਧਾਨ ਹਨ ਅਤੇ ਅਮਰ ਸੰਗੀਤ ਵਿਦਿਆਲਾ ਹੁਸ਼ਿਆਰਪੁਰ ਤੇ ਗੁਰੂ ਹਰਿ ਰਾਏ ਨੇਤਰ ਹੀਣ ਕੋਮਲ ਕਲਾ ਕੇਂਦਰ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਹਨ।

ਆਪ ਨੇ 'ਮਜਬੂਰ ਵਲਵਲੇ' ਅਤੇ ਮਜਬੂਰ ਸਿਤਾਰੇ ਨਾਂ ਦੀਆਂ ਦੋ ਪੁਸਤਕਾਂ ਵੀ ਸਾਹਿਤ-ਸੰਗੀਤ ਪ੍ਰੇਮੀਆਂ ਨੂੰ ਦਿੱਤੀਆਂ ਹਨ। ਗਰਮਤਿ ਸੰਗੀਤ ਖੇਤਰ ਵਿਚ ਆਪ ਦੇ ਵਡਮੁੱਲੇ ਤੇ ਸਲਾਘਾਯੋਗ ਯੋਗਦਾਨ ਹਿਤ ਆਪ ਨੂੰ ਸਮੇਂ ਸਮੇਂ ਸਨਮਾਨਿਤ ਵੀ ਕੀਤਾ ਜਾਂਦਾ ਰਿਹਾ ਹੈ। ਆਪ ਨੂੰ ਅਦੁੱਤੀ ਗੁਰਮਤਿ ਸੰਗੀਤ ਸਮੇਲਨ ਜਵੱਦੀ ਕਲਾ ਲੁਧਿਆਣਾ ਅਤੇ ਡਾ. ਅੰਬੇਦਕਰ ਵੈਲਫੇਅਰ ਸੋਸਾਇਟੀ ਹੁਸ਼ਿਆਰਪੁਰ ਵੱਲ ਵਿਸ਼ੇਸ਼ ਸਨਮਾਨ ਪੱਤਰ

ਮਿਲਿਆ। ਸੰਗੀਤ ਪ੍ਰੋਫੈਸਰ ਦਰਸ਼ਨ ਸਿੰਘ ਕੋਮਲ ਮੈਮੋਰੀਅਲ ਟਰੱਸਟ ਅਤੇ ਸਮੂਚੇ ਸਿੱਖ ਪੰਥ ਵੱਲੋਂ ਮਾਰਚ 28, 1994 ਨੂੰ ਹੋਲੇ ਮਹੱਲੇ ਪੂਰਵ ਅਵਸਰ ਤੇ ਪ੍ਰੋ. ਮਨਜੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪ੍ਰੋਫੈਸਰ ਦਰਸ਼ਨ ਸਿੰਘ ਕੋਮਲ ਐਵਾਰਡ ਦੇ ਕੇ ਆਪ ਨੂੰ ਸਨਮਾਨਿਤ ਕੀਤਾ ਗਿਆ ਹੈ। ਨਿਰਸੰਦੇਹ ਪ੍ਰਿੰਸੀਪਲ ਚੰਨਣ ਸਿੰਘ ਮਜਬੂਰ ਗੁਰਮਤਿ ਸੰਗੀਤ ਖੇਤਰ ਵਿਚ ਇਕ ਸੰਸਥਾ ਵਾਂਗ ਵਿਚਰ ਰਹ ਹਨ ਜਿਸ ਤੇ ਸੰਗੀਤ-ਪ੍ਰੇਮੀਆਂ ਨੂੰ ਹਮੇਸ਼ਾਂ ਮਾਣ ਰਹੇਗਾ।

"1999 ਦੀ ਵਸਾਖੀ ਤੱਕ ਸਾਰੀ ਕੌਮ ਅੰ-ਮ੍ਰਿਤਧਾਰੀ"
ਦੇ ਪਧ ਦਾ ਇਕ ਬਹੁਤ ਜ਼ਰੂਰੀ ਮੀਲ-ਪੱਥਰ

# ਦਸਵੰਧ ਸੋਝੀ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥ (ਪੰ:-510)

# ਕੀ ਪੈਸਾ ਸਾਨੂੰ ਖਾ ਨਹੀਂ ਰਿਹਾ ?

1. ਫਿਰ ਕਿਉਂ ਸਾਡੇ ਬੱਚੇ ਖਾਣ-ਪੀਣ ਦੀ ਆਦਤ ਦੇ ਗੁਲਾਮ ਹੋ ਕੇ ਮੋਟੇ ਅਤੇ ਰੋਗੀ ਬਣ ਰਹੇ ਹਨ ? ਟੀ. ਵੀ. ਅਤੇ ਵੀ. ਸੀ. ਆਰ. ਦੇ ਸਾਹਮਣੇ ਬੈਠ-ਬੈਠ ਕੇ ਵਿਚਾਰ ਹੀਣ, ਪੜ੍ਹਨ ਲਿਖਣ ਤੋਂ ਲਾਪ੍ਰਵਾਹ, ਨਿਕੰਮੇ ਬਣ ਰਹੇ ਹਨ ?

2. ਸਵੇਰ ਤੋਂ ਸ਼ਾਮ ਤੱਕ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਸੋਚ ਨੇ ਚੰਗੇ ਵਿਚਾਰਾਂ ਤੋਂ ਸਾਨੂੰ ਖਾਲੀ ਕਿਉਂ ਕਰ ਦਿੱਤਾ ਹੈ ?

3. ਖੂਬ ਪੈਸਾ ਕਮਾਉਣ ਤੋਂ ਬਾਅਦ ਫੋਕੀ ਇਜ਼ਤ ਦੀ ਹਵਸ ਨੇ ਸਾਡੀਆਂ ਧਾਰਮਿਕ ਸੰਸਥਾਵਾਂ ਨੂੰ ਵੀ ਇਹੋ ਜਿਹੀਆਂ ਚੌਹਦਰਾਂ ਨੇ ਕਿਉਂ ਡੰਗ ਲਿਆ ਹੈ ?

4. ਫਿਰ ਕਿਉਂ ਸਾਡੇ ਬੱਚੇ ਸਾਡੀ ਜੋੜੀ ਜਾਇਦਾਦ ਵੱਧ ਤੋਂ ਵੱਧ ਖੋਹਣ ਲਈ ਆਪਸ ਵਿਚ ਮਰਨ-ਮਾਰਨ ਤੱਕ ਆ ਜਾਂਦੇ ਹਨ। ਅਤੇ ਸਾਡੀ ਜਲਦੀ ਮੌਤ ਦੀ ਉਡੀਕ ਕਰਨ ਲੱਗ ਪੈਂਦੇ ਹਨ। ਇਹ ਸਭ ਦੇਖਦੇ ਸੁਣਦੇ ਹੋਏ ਵੀ ਮਾਡਾ ਪੈਸੇ ਦਾ ਪਾਗਲਪਣ ਘਟਦਾ ਨਹੀਂ ?

5. ਬਿਨਾ ਚੰਗੇ ਮਕਸਦ ਤੋਂ ਬਹੁਤ ਇਕੱਠਾ ਕੀਤਾ ਪੈਸਾ ਸਾਨੂੰ ਸ਼ਰਾਬੀ ਅਤੇ ਆਚਰਣਹੀਨ ਬਣਾਕੇ ਸਾਡੇ ਆਪਣੇ ਪਰਿਵਾਰ ਅਤੇ ਨਾਲ ਲੱਗੇ ਘਰਾਂ ਨੂੰ ,ਬਰਬਾਦ ਕਿਉਂ ਕਰ ਰਿਹਾ ਹੈ ?

ਅਸਲ ਵਿਚ ਪੈਸਾ ਤਦ ਹੀ ਸੁਖਦਾਈ ਹੋਵੇਗਾ ਜਦੋਂ ਵੱਧ ਤੋਂ ਵੱਧ ਕਮਾਉਣ ਦਾ ਪਾਗਲਪਨ ਮੁੱਕ ਜਾਵੇਗਾ।

ਪੈਸੇ ਦੇ ਪਾਗਲਪਣ ਤੋਂ ਛੁਟਕਾਰਾ ਪਾਉਣ ਦਾ ਇੱਕੋ ਇੱਕ ਰਸਤਾ ਹੈ—ਦਸਵੰਧ ਕੱਢਣਾ। ਦਸਵੰਧ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਗੁਣਵਾਨ ਬਣਾਉਣ ਦੇ ਨਾਲ-ਨਾਲ ਤੁਹਾਡੇ ਹੱਥੋਂ ਸੋਹਣੇ ਸੁੰਦਰ ਸੰਸਾਰ ਦੀ ਉਸਾਰੀ ਵੀ ਕਰਵਾ ਸਕਦਾ ਹੈ। ਦਸਵੰਧ ਕੱਢਣ ਬਾਰੇ। ਇਹ ਗੁਰ ਆਦੇਸ਼ ਹਮੇਸ਼ਾਂ ਯਾਦ ਰਖਿਆ ਜਾਵੇ। "ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਇ॥ (ਪੰ—1245)

ਆਓ ਬੱਚਿਆਂ ਦੇ ਸੁੰਦਰ ਭਵਿੱਖ ਲਈ ਬਚਿਆਂ ਨੂੰ ਬਚਪਨ ਵਿਚ ਹੀ ਉਹਨਾਂ ਦੀ ਜੇਬ ਖਰਚੀ ਵਿਚੋਂ ਦਸਵੰਧ ਕੱਢਣ ਦੀ ਆਦਤ ਪਾ ਦੇਈਏ ਅਤੇ ਉਹਨਾਂ ਦੇ ਹਥੋਂ ਹੀ ਚੰਗ ਪਾਸੇ ਵਲ ਉਹਨਾ ਦਾ ਦਸਵੰਧ ਲਗਵਾਈਏ।

ਇਸਰਾਇਲੀ ਵੀਰਾਂ ਨੇ ਦਸਵੰਧ ਕੱਢ-ਕੱਢ ਕੇ ਆਪਣੇ ਲਈ ਇਕ ਦੇਸ਼ ਦਾ ਨਿਰਮਾਣ ਕਰ ਕੇ ਦਿਖਾ ਦਿਤਾ; ਪਰ ਸਿੱਖਾਂ ਦਾ ਦਸਵੰਧ ਸਾਰੇ ਸੰਸਾਰ ਨੂੰ ਇਕਮੁੱਠ ਕਰਕੇ ਨਵਾਂ ਜੀਵਨ ਦੇ ਸਕਦਾ ਹੈ, ਜੇ ਸਾਨੂੰ ਦਸਵੰਧ ਕੱਢਣ ਦੀ ਆਦਤ ਪੈ ਜਾਵੇ ਅਤੇ ਉਸ ਦੀ ਸੁਯੋਗ ਵਰਤੋਂ ਸਮਝ ਆ ਜਾਵੇ।

ਗੁਰੂ ਪੰਥ ਦਾ ਦਾਸ

- ਕੁਲਦੀਪ ਸਿੰਘ ਜ਼ਖਮੀ

# ਪੰਥ ਰਤਨ ਪ੍ਰਿੰਸੀਪਲ ਸਤਿਬੀਰ ਸਿੰਘ



## ਇਕ ਯਾਦ—ਇਕ ਸ਼ਰਧਾਂਜਲੀ

ਪ੍ਰਿੰਸੀਪਲ ਸਤਿਬੀਰ ਸਿੰਘ ਸਿੱਖ ਪੰਥ ਨੂੰ ਸਮਰਪਤ ਇਕ ਮਹਾਨ ਸ਼ਖਸ਼ੀਅਤ ਸਨ। ਉਹ ਸਿੱਖ ਧਰਮ, ਸਿੱਖ ਇਤਿਹਾਸ, ਸਭਿਆਚਾਰ ਤੇ ਸਾਹਿਤ ਸਿਰਜਣਾ ਦੇ ਪ੍ਰਸਿੱਧ ਖੋਜੀ-ਵਿਦਵਾਨ ਤੇ ਪ੍ਰੇਰਣਾ ਸ੍ਰੋਤ ਸਨ। ਮੈਗਜੀਨ 'ਅੰਮ੍ਰਿਤ ਕੀਰਤਨ' ਉਨ੍ਹਾਂ ਦੀ ਪ੍ਰਰਨਾ ਦਾ ਫਲ ਹੈ ਉਨ੍ਹਾਂ ਨੇ ਜੁਲਾਈ 1989 ਵਿਚ ਆਪਣੇ ਸ਼ੁਭ ਕਰ ਕਮਲਾਂ ਨਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸੁਭਾ ਸ਼ਿਮਲਾ ਵਿਖੇ ਇਕ ਸਾਨਦਾਰ ਸਮਾਰੋਹ ਵਿਚ ਇਸ ਮੈਗਜੀਨ ਦਾ ਪਹਿਲਾ ਐਂਕ ਰਿਲੀਜ਼ ਕਰਕੇ ਗੁਰਮਿਤ ਸੰਗੀਤ ਖੇਤਰ ਵਿਚ ਇਕ ਨਿਵੇਕਲੀ ਸ਼ਮਾ ਜਗਾਈ ਅਤੇ ਉਸ ਉਪਰੰਤ ਸਮੇਂ ਸਮੇਂ ਇਸ ਉਦਮ ਦੀ ਅਗਵਾਈ ਵੀ ਕਰਦੇ ਰਹੇ।

ਪ੍ਰਿੰਸੀਪਲ ਸਤਿਬੀਰ ਸਿੰਘ ਗੁਰਮਤਿ ਦਰਸ਼ਨ ਨੂੰ ਵਰੋਸਾਈ ਹੋਈ ਸ਼ਖਸ਼ੀਅਤ ਸਨ। ਉਨ੍ਹਾਂ ਨੇ ਸਿੱਖ ਪੰਥ ਤੇ ਗੁਰਮਤਿ ਦੇ ਪ੍ਰਚਾਰ ਤੇ ਪਸਾਰ ਹਿੱਤ ਬਹੁਤ ਸਾਰੀ ਸਾਹਿਤ ਰਚਨਾ ਕੀਤੀ ਅਤੇ ਅਨੇਕਾਂ ਧਾਰਮਿਕ, ਵਿਦਿਅਕ, ਤੇ ਸਭਿਆਚਾਰਕ ਸੰਸਥਾਵਾਂ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਸੌ ਤੋਂ ਵੀ ਵਧੀਕ ਪੁਸਤਕਾਂ ਲਿਖ ਕੇ ਗੁਰਮਤਿ ਸਾਹਿਤ ਨੂੰ ਪ੍ਰਫੁੱਲਤ ਕੀਤਾ। ਸਾਡਾ ਇਤਿਹਾਸ ਸ੍ਰੀ-ਗੁਰੂ ਗਰੰਥ ਸਾਹਿਬ ਦਾ ਸਾਰ ਵਿਸਥਾਰ, ਆਦਿ

ਸਿੱਖ ਤੇ ਆਦਿ ਸਾਖੀਆਂ, ਬਲਿਓ ਚਿਰਾਗ, ਸੌ ਸਵਾਲ, ਗਿਆਨ ਕੀ ਆਂਧੀ ਆਦਿ ਉਨ੍ਹਾਂ ਦੀ ਪ੍ਰਸਿੱਧ ਧਾਰਮਿਕ-ਇਤਿਹਾਸ ਪੁਸਤਕਾਂ ਹਨ। ਉਨ੍ਹਾਂ ਨੇ ਸਾਰੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਤੇ ਸਿਮਰਤੀ ਗਰੰਥਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ ਤੇ ਪੰਥ ਦੇ ਅਜਿਹੇ ਹੋਰ ਅਨੇਕਾਂ ਸਿੰਘਾਂ ਸਿੰਘਣੀਆਂ ਤੇ ਸ਼ਹੀਦਾਂ ਬਾਰੇ ਲਿਖਿਆ।

ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖ-ਇਤਿਹਾਸ ਤੇ ਪੰਥਕ ਮਰਿਆਦਾ ਨੂੰ ਸਹੀ ਸੇਧ ਵਿਚ ਪੇਸ਼ ਕਰਨ ਤੇ ਲਾ ਦਿੱਤਾ। ਕੇਂਦਰੀ ਸਿੱਖ ਅਜਾਇਬ ਘਰ ਪੰਥ ਨੂੰ ਉਨ੍ਹਾਂ ਦੀ ਇੱਕ ਅਦੁੱਤੀ ਦੇਣ ਹੈ। ਸਿੱਖ ਗੁਰੂ ਸਹਿਬਾਨ, ਗੁਰੂ ਗਰੰਥ ਸਾਹਿਬ, ਤੇ ਹੋਰ ਪੰਥਕ ਅਜੂਬਿਆਂ ਦੇ ਸੌ ਸਾਲਾ ਪ੍ਰਕਾਸ਼ ਉਤਸਵ ਮਨਾਉਣੇ ਉਨ੍ਹਾਂ ਦੇ ਖੋਜੀ ਮਨ ਦੀ ਹੀ ਉਪਜ ਸਨ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਸ਼ਖਸ਼ੀਅਤ ਬਹੁ-ਪੱਖੀ ਤੇ ਅਦੁੱਤੀ ਸੀ। ਉਹ ਸਮੇਂ ਸਮੇਂ ਅਨੇਕਾਂ ਸਮਾਜਕ, ਧਾਰਮਕ, ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਦੇ ਸੰਸਥਾਪਕ, ਸੰਚਾਲਕ ਤੇ ਸਰਪ੍ਰਸਤ ਰਹੇ। ਉਹ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਰਗਰਮ ਮੈਂਬਰ ਤੇ ਪ੍ਰਧਾਨ ਵੀ ਰਹੇ। ਉਹ 1959 ਤੋਂ ਲਗਾਤਾਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਉਨ੍ਹਾਂ ਨੇ ਸਿੱਖ ਪੰਥ ਤੇ ਕੌਮ ਲਈ ਲੱਗੇ ਮੋਰਚਿਆਂ ਵਿਚ ਵੀ ਸਰਗਰਮ ਹਿੱਸਾ ਲਿਆ ਤੇ ਕਈ ਵਾਰ ਜੇਲ੍ਹ ਵੀ ਗਏ।

ਪ੍ਰਿੰਸੀਪਲ ਸਤਿਬੀਰ ਸਿੰਘ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਵਿਦਵਾਨ ਵਿਆਖਿਆਕਾਰ ਤੇ ਇਕ ਸੁਲਝੇ ਹੋਏ ਵਕਤਾ ਵੀ ਸਨ। ਉਹ ਹਰ ਪੰਥਕ ਸਭਾ ਸੋਸਾਇਟੀ ਸੰਸਥਾ ਤੇ ਸਟੇਜ ਸੈਮੀਨਾਰ ਦਾ ਮਾਣ ਤੇ ਸ਼ਿੰਗਾਰ ਸਨ। ਉਹ ਇਕ ਅਧਿਆਪਕ, ਪ੍ਰਿੰਸੀਪਲ ਤੇ ਉਘੇ ਲੇਖਕ ਤੇ ਪਤਰਕਾਰ ਸਨ। ਉਨ੍ਹਾਂ ਦੇ ਗਿਆਨ ਦਾ ਘੇਰਾ ਬੜਾ ਵਿਸ਼ਾਲ ਸੀ। ਇਸੇ ਕਰਕੇ ਉਨ੍ਹਾਂ ਨੂੰ ਇਕ ਕੰਪਿਊਟਰ, ਇਕ ਲਾਇਬਰੇਰੀ, ਇਕ ਵਿਦਿਆਲਾ, ਇਕ ਸੰਸਥਾ ਤੇ ਸਿੱਖ ਇਤਿਹਾਸ ਦੇ ਇਨਸਾਈਕਲੋਪੀਡੀਆ ਕਿਹਾ ਜਾਣ ਲੱਗਾ।

ਆਪ ਦੀ ਸਿੱਖ ਧਰਮ ਦੇ ਪ੍ਰਚਾਰ ਤੇ ਗੁਰਮਤਿ ਸਾਹਿਤ ਦੀ ਅਦੁੱਤੀ ਦੇਣ ਤੇ ਉਨ੍ਹਾਂ ਨੂੰ ਸਮੇਂ ਸਮੇਂ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ। ਭਾਸ਼ਾ ਵਿਭਾਗ ਪੰਜਾਬ ਨੇ ਆਪ ਨੂੰ ਸ੍ਰੋਮਣੀ ਸਾਹਿਤਕਾਰ ਐਵਾਰਡ ਨਾਲ ਸਨਮਾਨਿਤ ਕੀਤਾ। ਪ੍ਰਿੰਸੀਪਲ ਸਤਿਬੀਰ ਜੀ ਵਾਕਯ ਹੀ ਇਕ ਅਨਮੋਲ ਹੀਰਾ, ਇਕ ਪੰਥ ਰਤਨ ਸਨ।

ਇਸ ਸਤਿਕਾਰਯੋਗ ਮਹਾਨ ਸਖਸ਼ੀਅਤ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੇ ਸਦੀਵੀ ਵਿਛੋੜੇ ਨਾਲ 'ਅੰਮ੍ਰਿਤ ਕੀਰਤਨ ਟ੍ਰੱਸਟ' ਤੇ ਸਾਰਾ ਸਿੱਖ ਪੰਥ ਗੁਰਮਤਿ ਫਲਸਫੇ ਦੇ ਇਕ ਮਹਾਨ ਚਾਨਣ ਮੁਨਾਰੇ ਤੇ ਪੰਥ ਪ੍ਰਦਰਸ਼ਕ ਨੂੰ ਖੋ ਬੈਠਣ ਦੇ ਸ਼ੋਕ ਦੀ ਨਿਰਾਸਤਾ ਵਿਚ ਮਾਯੂਸ ਹੈ। ਉਨ੍ਹਾਂ ਦੀ ਪੰਥ ਨੂੰ ਅਦੁੱਤੀ ਦੇਣ ਸੇਧ ਤੇ ਵਿਚਾਰਧਾਰਾ ਦਾ ਮੰਨ ਨਹੀਂ ਉਨ੍ਹਾਂ ਨੂੰ ਸਹੀ ਸਰਧਾਂਜਲੀ ਹੈ। 'ਅੰਮ੍ਰਿਤ ਕੀਰਤਨ ਟ੍ਰਸਟ' ਉਨ੍ਹਾਂ ਦੇ ਪ੍ਰੇਰਨਾ ਸ੍ਰੋਤ ਦੀ ਪ੍ਰਜਵਲਤ ਕੀਤੀ ਜਯੋਤੀ 'ਅੰਮ੍ਰਿਤ ਕੀਰਤਨ ਨੂੰ ਪ੍ਰਜਵਲਤ ਰੱਖ ਕੇ ਉਨ੍ਹਾਂ ਦੀ ਯਾਦ ਹਮੇਸ਼ਾਂ ਲਈ ਤਾਜ਼ੀ ਬਣਾਈ ਰੱਖੇਗਾ।

—ਅੰਮ੍ਰਿਤ ਕੀਰਤਨ ਟ੍ਰਸਟ

## ਰਾਗ ਵਡਹੰਸ

ਥਾਟ-ਖਮਾਜ — ਜਾਤੀ-ਸ਼ਾਡਵ ਸੰਪੂਰਣ

ਵਾਦੀ-ਰੇ, ਸੰਵਾਦੀ-ਪ — ਵਰਜਿਤ-ਆਰੋਹ ਵਿਚ ਗੰਧਾਰ

ਸਮਾਂ-ਦੁਪਹਿਰ

ਆਰੋਹ : ਸਾ, ਰੇ ਮ ਪ, ਧ ਨੀ̱ ਪ, ਮ ਪ ਨੀ ਸਾਂ ।

ਅਵਰੋਹ : ਸਾਂ ਨੀ̱ ਪ, ਧ ਮ ਗ ਰੇ ਸਾ ਨ̣ੀ ਸਾ ।

ਮੁੱਖ ਅੰਗ : ਰੇ ਮ ਪ ਨੀ̱ ਪ, ਧ ਮ ਗਰੇ, ਸਾ ਨ̣ੀ, ਪ̣ ਨ̣ੀ ਸਾ ।

### ਵਡਹੰਸ ਮਹਲਾ ੪ ਛੰਤ

ਧੰਨਵਾਦ ਸਹਿਤ—ਪ੍ਰੋ. ਤਾਰਾ ਸਿੰਘ

## ਰਾਗ ਵਡਹੰਸ ਇਕਤਾਲ ਦਰੁੱਤ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | ਸਥਾਈ : | | ਪ | ਨੀ̱ | ਧ | ਨੀ̱ | ਪ | ਧ | ਮ | ਪ |
| | | | | ਮੇ | ਰੇ | ਮ | ਨਿ | ਮੇ | ਰੇ | ਮ | ਨਿ |
| ਮਗ | ਮ | ਰੇ | ਸਾ | - | ਰੇ | ਮ | ਮ | ਪ | - | ਨੀ | - |
| ਸ | ਤਿ | ਗੁ | ਰਿ | s | ਪ੍ਰੀ | ਤਿ | ਲ | ਗਾ | s | ਈ | s |
| ਸਾਂ | - | - | ਸਾਂ | ਸਾਂ | ਰੇਂ | ਨੀ | ਸਾਂ | ਧ | ਨੀ̱ | ਪ | ਧ |
| ਰਾ | s | s | ਮ | ਹ | ਰਿ | ਹ | ਰਿ | ਹ | ਰਿ | ਹ | ਰਿ |
| ਮ | ਗ | ਰੇ | ਸਾ | - | ਪ̣ | ਨ̣ੀ | ਨ̣ੀ | ਸਾ | - | ਰੇ | ਮ |
| ਨਾ | ਮੁ | ਮੇ | ਰੈ | s | ਮੰ | ਨਿ | ਵ | ਸਾ | s | ਈ | s |
| ਗੁ | ਰੇ | ਸਾ | ਸਾ | ਰੇ | ਨੀ̱ | ਧ | ਨੀ̱ | ਪ | ਧ | ਮ | ਪ |
| ਰਾ | s | s | ਮ | ਮੇ | ਰੈ | ਮ | ਨਿ | ਮੇ | ਰੈ | ਮ | ਨਿ |

### ਅੰਤਰਾ ।

| | | | | | | | | | | | |
|---|---|---|---|---|---|---|---|---|---|---|---|
| | | | | ਮ | ਮਮ | ਮ | | ਧ | ਪ | ਨਿ | ਨੀ |
| | | | | ਹ | ਰਿ | ਹ | ਰਿ | ਨਾ | ਮੁ̣ | ਮੇ | ਰੇ |
| ਸਾਂ | - | ਸਾ | ਨੀ | ਸ̣ | ਸੰ | ਸਾਂ | ਸਾਂ | ਨੀ | ਸਾ | ਰੇਂ | ਮ̣ |
| ਮੰ | s | ਨਿ | ਵ | ਸਾ | ਈ | ਸ | ਭਿ | ਦੂ | s | ਖ | ਵਿ |
| ਗੰ | ਰੇਂ | ਸਾਂ | ਰੇਂ | ਨੀ | - | ਸਾਂ | - | - | - | - | - |
| ਸਾ | s | ਰ | ਣ | ਹਾ | s | ਰਾ | s | s | s | s | s |

| | | | | | | | | | | | |
|---|---|---|---|---|---|---|---|---|---|---|---|
| ਪ | ਰੇਂ | ਸਾਂ | ਰੇਂ | ਨੀ | ਸਾਂ | ਧ | ਨੀ | ਪ | ਧ | ਮ | ਪ |
| ਵ | ਡ | ਭਾ | s | ਗੀ | s | ਗੁ | ਰ | ਦ | ਰ | ਸ | ਨ |
| ਨੀ | ਧ | ਨੀ | ਪ | ਮਪ | ਧ | ਧ | ਪ | ਮ | ਗ | ਰੇ | ਨੀ |
| ਪਾ | ਇਆ | ਧ | ਨੁ | ਧs | ਨੁ | ਸ | ਤਿ | ਗੁ | ਰੂ | s | ਹ |

| | | | | | | | | | | | |
|---|---|---|---|---|---|---|---|---|---|---|---|
| ਨੀ | - | ਸਾ | - | ਰੇ | ਨੀ | ਧ | ਨੀ | ਪ | ਧ | ਮ | ਪ |
| ਮਾ | s | ਰਾ | s | ਮੇ | ਰੇ | ਮ | ਨਿ | ਮੇ | ਰੇ | ਮ | ਨਿ |

ੴ ਸਤਿਗੁਰ ਪ੍ਰਸਾਦਿ ॥
ਮੇਰੇ ਮਨਿ ਮੇਰੈ ਮਨਿ
ਸਤਿਗੁਰਿ ਪ੍ਰੀਤਿ ਲਗਾਈ
ਰਾਮ ॥
ਹਰਿ ਹਰਿ ਹਰਿ ਹਰਿ ਨਾਮੁ
ਮੇਰੈ ਮੰਨਿ ਵਸਾਈ ਰਾਮ ॥
ਹਰਿ ਹਰਿ ਨਾਮੁ ਮੇਰੈ ਮੰਨਿ
ਵਸਾਈ ਸਭਿ ਦੂਖ
ਵਿਸਾਰਣਹਾਰਾ ॥
ਵਡਭਾਗੀ ਗੁਰ ਦਰਸਨੁ
ਪਾਇਆ ਧਨੁ ਧਨੁ
ਸਤਿਗੁਰੂ ਹਮਾਰਾ ॥
ਊਠਤ ਬੈਠਤ ਸਤਿਗੁਰੁ
ਸੇਵਹ ਜਿਤੁ ਸੇਵਿਐ
ਸਾਂਤਿ ਪਾਈ ॥
ਮੇਰੈ ਮਨਿ ਮੇਰੇ ਮਨਿ
ਸਤਿਗੁਰ ਪ੍ਰੀਤਿ ਲਗਾਈ
॥੧॥ (ਪੰਨਾ 573)

There is but one God. by True
Guru 's grace, He is obtained.
My mind, my mind, the True Guru
has blessed with the Lord' s love.
God, God, God, God' s Name he
has enshrined within my mind.

The Lord God's Name, the Eradicator of all the sorrows abides within my mind.

By the greatest good fortune, I have obtained the vision of the Guru. Blessed, Blessed is my True Guru.

Standing and sitting, I serve my True Guru, by serving whom I have attained peace.

Within my mind, I have enshrined affection for my True Guru.

ਵਾਹਿਗੁਰੂ ਕੇਵਲ ਇਕ ਹੈ । ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਮੈਂਡੇ ਚਿਤ, ਮੈਂਡੇ ਚਿਤ ਨੂੰ ਸਚੇ ਗੁਰਾਂ ਨੇ ਪ੍ਰਭੂ ਦਾ ਪ੍ਰੇਮ ਲਾ ਦਿੱਤਾ ਹੈ ।

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਨਾਮ ਉਹਨਾਂ ਨੇ ਮੇਰੇ ਚਿਤ ਵਿਚ ਟਿਕਾ ਦਿਤਾ ਹੈ ।

ਸਮੂਹ ਦੁਖੜਿਆਂ ਨੂੰ ਦੂਰ ਕਰਨ ਵਾਲਾ ਵਾਹਿਗੁਰੂ ਸੁਆਮੀ ਦਾ ਨਾਮ ਮੇਰੇ ਰਿਦੇ ਅੰਦਰ ਵਸਦਾ ਹੈ ।

ਪਰਮ ਚੰਗੇ ਕਰਮਾਂ ਦੁਆਰਾ ਮੈਨੂੰ ਗੁਰਾਂ ਦਾ ਦੀਦਾਰ ਪਰਾਪਤ ਹੋਇਆ ਹੈ ਮੁਬਾਰਕ, ਮੁਬਾਰਕ ਹਨ ਮੇਰੇ ਸਚੇ ਗੁਰੂ ਜੀ ।

ਖਲੋਤਿਆਂ ਤੇ ਬਹਿੰਦਿਆਂ ਮੈਂ ਸਚੇ ਗੁਰਾਂ ਦੀ ਟਹਿਲ ਕਮਾਉਂਦਾ ਹਾਂ, ਜਿਨ੍ਹਾਂ ਦੀ ਟਹਿਲ ਕਮਾਉਣ ਦੁਆਰਾ ਮੈਨੂੰ ਠੰਢ ਚੈਨ ਪਰਾਪਤ ਹੋਈ ਹੈ ।

ਆਪਣੇ ਹਿਰਦੇ, ਆਪਣੇ ਹਿਰਦੇ ਅੰਦਰ ਮੈਂ ਆਪਣੇ ਗੁਰਾਂ ਨਾਲ ਪ੍ਰੇਮ ਪਾਇਆ ਹੈ ।

# ਗਾਵਨ ਤੁਧਨੋ

—ਡਾ: ਜਸਵੰਤ ਸਿੰਘ ਨੇਕੀ
ਸਾਬਕਾ ਡਾਇਰੈਕਟਰ ਪੀ.ਜੀ.ਆਈ.

ਵਣ-ਤ੍ਰਿਣ ਕਿਸ ਦੀ ਕੀਰਤਿ ਗਾਵੇ ?
ਕਿਸ ਦੇ ਬੂਹੇ ਮੇਘ ਖਲੋਤਾ, ਰੁਣ ਝੁਣ ਲਾਈ ਜਾਵੇ ?

ਕਿਨ ਕਿਰਨਾਂ ਦੀਆਂ ਤਾਰਾਂ ਤਣੀਆਂ, ਧਰਤ ਅਕਾਸ਼ ਵਿਚਾਲੇ ?
ਕਿਸ ਦੀ ਕੋਮਲ ਜ਼ਰਬ ਇਨ੍ਹਾਂ 'ਚੋਂ ਨਾਦ ਅਨੂਪ ਜਿਵਾਲੇ ?
ਕਉਣ ਜੁ ਆਪੇ ਫਿਰ ਮਸਤੀ ਵਿਚ ਥਰਰ ਥਰਰ ਥੱਰਾਵੇ ?

ਕਉਣ ਜੁ ਥਰਕਣ ਨਾਲ ਨਚਾਵੇ ਝਿਲਮਿਲ ਕਰਦੇ ਤਾਰੇ ?
ਕਉਣ ਕਿ ਜਿਸ ਦਾ ਥਾਲ ਵਜਾਂਦਾ ਸੂਰਜ ਲਿਸ਼ਕਾਂ ਮਾਰੇ ?
ਕਉਣ ਕਿ ਹਰ ਗ੍ਰਹਿ ਜਿਸ ਦੇ ਬੂਹੇ ਕਿੰਗੁਰੀ ਵਾਦਾਂ ਆਵੇ ?

ਕਿਸ ਦਾ ਸੋਹਿਲੜਾ ਨਿੱਤ ਗਾਂਦੇ ਪਰਬਤ ਸਗਲੇ ਉੱਚੇ ?
ਕਿਸ ਦੇ ਗੁਣ-ਗਾਇਕ ਸਭ ਸਾਇਰ ਸਿਫ਼ਤੀ ਵਿਚ ਪਰੁੱਚੇ ?
ਕਿਣਕਾ ਕਿਣਕਾ ਥਲ ਵਿਚ ਬੈਠਾ ਕਿਸ ਦਾ ਵਿਰਦ ਕਮਾਵੇ ?

ਦਿਨ ਤੇ ਰਾਤ ਕਿਹਦੇ ਗੁਰ ਉੱਤੇ ਦੇਂਦੇ ਫਿਰਦੇ ਤਾਲੀ ?
ਘੜੀਆਂ ਪਹਿਰ ਕਿਹਦੇ ਬੂਹੇ ਤੇ ਬਣੇ ਫਿਰਨ ਘੜੀਆਲੀ ?
ਕਿਸ ਦੇ ਤਾਲ ਨਾਲ ਹਰ ਲਮਹਾ ਆਪਣਾ ਆਪ ਮਿਟਾਵੇ ?

ਪਉਣਾਂ ਆ ਕੇ ਕਿਸ ਦੀ ਗਉੜੀ ਸਜਰੀ ਲੈ ਵਿਚ ਛੋਹੀ ?
ਮੌਸਮ ਲਾਂਦੇ ਫਿਰਦੇ ਕਹਿੰਦੀ ਆਰੋਹੀ, ਅਵਰੋਹੀ ?
ਕਿਸ ਦੀ ਮੀਂਡ ਥਰਕਦੀ ਉੱਤੇ ਉਲਕਾ ਤਾਨ ਲਗਾਵੇ ?

ਕਉਣ ਕਿ ਕੰਜਕ ਹੋਂਦ ਜਿਹਦੇ ਘਰ ਅਲਖ ਜਗਾਂਦੀ ਫਿਰਦੀ ?
ਕਉਣ ਕਿ ਹਰ ਨਵ-ਹੋਂਦ ਲਗਾਵੇ ਪਰਿਕਰਮਾ ਜਿਸ ਗਿਰਦੀ ?
ਕਉਣ ਕਿ ਸਗਲ ਨਿਹੋਂਦ ਵੀ ਜਿਸ ਦੀ ਸਿਫ਼ਤੀ ਵਿਚ ਸਮਾਵੇ ?

ਜਿਸ ਦੇ ਦਰ ਤੇ ਕੀਰਤ ਕਰਦੀ ਫਿਰੇ ਸਿਰਜਨਾ ਸਾਰੀ,
ਉਸ ਦੀ ਰਹਿਮਤ ਉੱਤੇ ਮੈਂ ਵੀ ਆਸ ਲਗਾਈ ਭਾਰੀ।
ਕਦੇ ਤਾਂ ਕੰਠ ਮੇਰੇ 'ਚੋਂ ਵੀ ਕੋ ਨਵੀਂ ਧਾਰਨਾ ਲਾਵੇ ?